(2)

ਪਿੱਠ ਅੰਕਣ ਨੰ: ਕੇ.ਡਬਲਿਊ. 10/5-16 ਡੀ (3) 									ਮਿਤੀ: ਐਸ.ਏ.ਐਸ.ਨਗਰ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਸਕੱਤਰ, ਪੰਜਾਬ ਸਰਕਾਰ, ਸਿੱਖਿਆ ਵਿਭਾਗ (ਸਿੱਖਿਆ-5 ਸ਼ਾਖਾ), ਸਿਵਲ ਸਕੱਤਰੇਤ-2, ਸੈਕਟਰ-9, ਚੰਡੀਗੜ੍ਹ।
2. ਸੁਪਰਡੰਟ ਪ੍ਰੀਖਿਆ ਸ਼ਾਖਾ।
3. ਚੇਅਰਮੈਨ/ਪ੍ਰਿੰਸੀਪਲ **The Enlightended College of Physical Education, Vill. Dalelwala, Distt. Mansa**।
4. ਰੀਜਨਲ ਡਾਇਰੈਕਟਰ, ਐਨ.ਸੀ.ਟੀ.ਈ., ਜੈਪੁਰ, 20/198, ਕਾਵੇਰੀ ਪੱਥ, ਨੇੜੇ ਮਾਨਸਰੋਵਰ ਸਟੇਡੀਅਮ, ਮਾਨਸਰੋਵਰ, ਜੈਪੁਰ-302020 (ਰਾਜਸਥਾਨ)।

ਸਹਾਇਕ ਡਾਇਰੈਕਟਰ (ਅਫੀਲੀਏਸ਼ਨ)

ਦਫ਼ਤਰ ਡਾਇਰੈਕਟਰ ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ.ਨਗਰ, ਮੁਹਾਲੀ
ਫੋਨ ਨੰ: 0172-2212221, ਈਮੇਲ: directorscert@yahoo.in

ਪੁਸ਼ਟ ਨੰ: ਕੇ.ਡਬਲਿਊ. 10/5-16 ਡੀ (3)
ਮਿਤੀ: ਐਸ.ਏ.ਐਸ.ਨਗਰ: 23.8.2017

**The Enlightended College of Physical Education, Vill. Dalelwala, Distt. Man...**

ਜਿਨ੍ਹਾਂ ਐਨ.ਸੀ.ਟੀ.ਈ. ਜੈਪੁਰ ਦੇ ਪੱਤਰ ਨੰ: **NRC/NCTE/Recognition/2016/147902** ਮਿਤੀ 02-05-2016 ਰਾਹੀਂ ਰਿਕਗਨਾਈਜੇਸ਼ਨ ਦਿੱਤੀ ਗਈ ਹੈ, ਨੂੰ ਦੋ ਸਾਲਾ **Diploma in Physical Education (D.P.Ed)** ਕੋਰਸ ਇਕ ਯੂਨਿਟ 50 (ਪੰਜਾਹ) ਸੀਟਾਂ ਚਲਾਉਣ ਲਈ ਹੇਠ ਲਿਖੀਆਂ ਸ਼ਰਤਾਂ ਤੇ ਪ੍ਰੋਵੀਜਨਲ ਐਫਲੀਏਸ਼ਨ ਸਰਕਾਰ ਦੀ ਪ੍ਰਵਾਨਗੀ ਨਾਲ ਦਿੱਤੀ ਜਾਂਦੀ ਹੈ:

ਸ਼ਰਤਾਂ:

1) ਐਨ.ਸੀ.ਟੀ.ਈ. ਵੱਲੋਂ ਸਮੇਂ ਸਮੇਂ ਤੇ ਜਾਰੀ ਹਦਾਇਤਾਂ ਅਤੇ ਐਸ.ਸੀ.ਈ.ਆਰ.ਟੀ. ਪੰਜਾਬ ਵੱਲੋਂ ਜਾਰੀ ਕੀਤੀ ਐਫੀਲੀਏਸ਼ਨ ਪਾਲਿਸੀ ਅਤੇ ਹਦਾਇਤਾਂ ਅਨੁਸਾਰ ਕਾਲਜ ਦੀ ਰੈਗੂਲਰ ਇੰਸਪੈਕਸ਼ਨ ਦਾ ਸ਼ਡਿਊਲ ਵੱਖਰੇ ਤੌਰ ਤੇ ਭੇਜਿਆ ਜਾਵੇਗਾ। ਜੇਕਰ ਐਸ.ਸੀ.ਈ.ਆਰ.ਟੀ. ਵੱਲੋਂ ਕਾਲਜ ਦੀ ਇੰਸਪੈਕਸ਼ਨ ਦੌਰਾਨ ਕਿਸੇ ਵੀ ਕਿਸਮ ਦੀ ਤਰੁਟੀ ਪਾਈ ਜਾਂਦੀ ਹੈ ਅਤੇ ਕਾਲਜ ਐਨ.ਸੀ.ਟੀ.ਈ. ਅਤੇ ਪੰਜਾਬ ਸਰਕਾਰ ਦੀਆਂ ਸ਼ਰਤਾਂ ਅਨੁਸਾਰ ਜ਼ਰੂਰਤਾਂ ਪੂਰੀਆਂ ਨਾ ਕਰਦਾ ਹੋਇਆ ਤਾਂ ਉਸਦੀ ਐਫੀਲੀਏਸ਼ਨ ਬਿਨਾ ਕਿਸੇ ਨੋਟਿਸ ਦਿੱਤਿਆਂ ਰੱਦ ਕਰ ਦਿੱਤੀ ਜਾਵੇਗੀ। ਕਾਲਜ ਦੀ ਪ੍ਰਬੰਧਕ ਕਮੇਟੀ ਐਨ.ਸੀ.ਟੀ.ਈ. ਦੇ ਨਾਰਮ ਅਨੁਸਾਰ ਨਿਰਧਾਰਤ ਸਟਾਫ ਹਰ ਸਮੇਂ ਪੂਰਾ ਰੱਖਣਾ ਯਕੀਨੀ ਬਣਾਏਗੀ। ਸਟਾਫ ਦੀ ਯੋਗਤਾ ਐਨ.ਸੀ.ਟੀ.ਈ. ਦੇ ਨਾਰਮ ਅਤੇ ਪੰਜਾਬ ਸਰਕਾਰ ਦੇ ਰੂਲਾਂ ਅਨੁਸਾਰ ਹੋਵੇਗੀ। ਸਟਾਫ ਦੀ ਨਿਯੁਕਤੀ ਸਮੇਂ ਐਸ.ਸੀ.ਈ.ਆਰ.ਟੀ. ਪੰਜਾਬ ਦਾ ਨੁਮਾਇੰਦਾ ਹੋਣਾ ਜਰੂਰੀ ਹੈ। ਕਰਮਚਾਰੀ ਵੱਲੋਂ ਨੌਕਰੀ ਛੱਡਣ ਜਾਂ ਉਸਨੂੰ ਨੌਕਰੀ ਤੋਂ ਕੱਢਣ ਸਬੰਧੀ ਤੁਰੰਤ ਇਸ ਦਫ਼ਤਰ ਨੂੰ ਸੂਚਿਤ ਕੀਤਾ ਜਾਵੇਗਾ।

2) ਸੰਸਥਾ ਵਿਚ ਦਾਖਲਾ ਪੰਜਾਬ ਸਰਕਾਰ ਵੱਲੋਂ ਨਿਰਧਾਰਤ ਨੀਤੀ ਅਨੁਸਾਰ ਹੀ ਕੀਤਾ ਜਾਵੇਗਾ।

3) ਦਾਖਲ ਕੀਤੇ ਸਿੱਖਿਆਰਥੀਆਂ ਦੇ ਇੱਕ ਸੈਸ਼ਨ ਦੌਰਾਨ ਐਨ.ਸੀ.ਟੀ.ਈ. ਦੇ ਨਾਰਮ ਅਨੁਸਾਰ ਲੈਕਚਰ ਪੂਰੇ ਹੋਣੇ ਚਾਹੀਦੇ ਹਨ।

4) ਸਿੱਖਿਆਰਥੀਆਂ ਦੀ **D.P.Ed** ਕੋਰਸ ਵਿੱਚ ਦਾਖਲੇ ਦੀ ਅਪਲਾਈ ਕਰਨ ਦੀ ਆਖਰੀ ਮਿਤੀ ਨੂੰ ਐਨ.ਸੀ.ਟੀ.ਈ./ਰਾਜ ਸਰਕਾਰ ਵੱਲੋਂ ਨਿਰਧਾਰਤ ਯੋਗਤਾ ਪੂਰੀ ਹੋਣੀ ਚਾਹੀਦੀ ਹੈ।

5) ਦਾਖਲ ਕੀਤੇ ਗਏ ਸਿੱਖਿਆਰਥੀਆਂ ਤੋਂ ਪੰਜਾਬ ਸਰਕਾਰ ਵੱਲੋਂ ਨਿਰਧਾਰਤ ਫੀਸ ਹੀ ਲਈ ਜਾਵੇਗੀ।

6) ਇਹ ਐਫਲੀਏਸ਼ਨ ਨਿਯਮਾਂ ਦੀ ਉਲੰਘਣਾ ਕਰਨ ਦੀ ਸੂਰਤ ਵਿਚ ਕਿਸੇ ਸਮੇਂ ਵੀ ਵਾਪਿਸ ਲਈ ਜਾ ਸਕਦੀ ਹੈ।

7) ਐਨ.ਸੀ.ਟੀ.ਈ. ਵੱਲੋਂ ਦਿੱਤੀ ਰਿਕੋਗਨਾਈਜੇਸ਼ਨ ਵਾਪਸ ਲੈਣ ਤੇ ਇਹ ਐਫਲੀਏਸ਼ਨ ਰੱਦ ਸਮਝੀ ਜਾਵੇਗੀ। ਇਸ ਸਬੰਧੀ ਵੱਖਰੇ ਤੌਰ ਤੇ ਹੁਕਮ ਜਾਰੀ ਨਹੀਂ ਕੀਤੇ ਜਾਣਗੇ। ਮੁੜ ਰਿਕੋਗਨਾਈਜ਼ੇਸ਼ਨ ਮਿਲਣ ਉਪਰੰਤ ਦੁਬਾਰਾ ਐਫਲੀਏਸ਼ਨ ਲੈਣੀ ਪਵੇਗੀ।

8) ਜੇਕਰ ਜਮੀਨ ਸੁਸਾਇਟੀ/ਟਰੱਸਟ ਦੇ ਨਾਮ ਤੇ ਹੈ, ਜਮੀਨ ਛੇ ਮਹੀਨੇ ਦੇ ਅੰਦਰ-ਅੰਦਰ ਸੰਸਥਾ ਦੇ ਨਾਮ ਤੇ ਕਰਨੀ ਯਕੀਨੀ ਬਣਾਇਆ ਜਾਵੇ। ਇਹ ਕਾਰਵਾਈ ਕਰਕੇ ਜਮੀਨ ਦੇ ਨਵੇਂ ਕਾਗਜਾਤ ਦੀ ਕਾਪੀ ਨਿਸ਼ਚਿਤ ਸਮੇਂ ਦੇ ਅੰਦਰ-ਅੰਦਰ ਰਿਜਨਲ ਕਮੇਟੀ ਅਤੇ ਇਸ ਦਫ਼ਤਰ ਨੂੰ ਭੇਜੀ ਜਾਵੇ। ਨਿਸ਼ਚਿਤ ਸਮੇਂ ਦੇ ਅੰਦਰ-2 ਇਹ ਕਾਰਵਾਈ ਨਾ ਕਰਨ ਦੀ ਸੂਰਤ ਵਿਚ ਇਸ ਦਫ਼ਤਰ ਵੱਲੋਂ ਰਿਕੋਗਨਾਈਜ਼ੇਸਨ/ਐਫਲੀਏਸ਼ਨ ਰੱਦ ਕਰਨ ਸਬੰਧੀ ਕਾਰਵਾਈ ਆਰੰਭ ਕੀਤੀ ਜਾਵੇਗੀ।

9) ਐਨ.ਸੀ.ਟੀ.ਈ. ਵੱਲੋਂ ਸਮੇਂ-2 ਸਿਰ ਨਿਰਧਾਰਤ ਕੀਤੇ ਨਾਰਮ ਇਸ ਸੰਸਥਾ ਤੇ ਲਾਗੂ ਹੋਣਗੇ। ਕਿਸੇ ਸਮੇਂ ਵੀ ਕਿਸ ਕਿਸਮ ਦੀ ਅਣਗਹਿਲੀ /ਕਮੀ ਪਾਏ ਜਾਣ ਤੇ ਇਹ ਐਫਲੀਏਸ਼ਨ ਰੱਦ ਕੀਤੀ ਜਾ ਸਕਦੀ ਹੈ।

10) ਸੰਸਥਾ ਐਸ.ਸੀ.ਈ.ਆਰ.ਟੀ. ਵੱਲੋਂ ਮੰਗੀ ਗਈ ਸੂਚਨਾਂ ਤੁਰੰਤ ਇਸ ਦਫ਼ਤਰ ਨੂੰ ਉਪਲਬਧ ਕਰਵਾਉਣ ਦੀ ਪਾਬੰਦ ਹੋਵੇਗੀ।

11) ਸੰਸਥਾ ਪਾਸ ਸੀ.ਐਲ.ਯੂ. ਹੋਣਾ ਲਾਜਮੀ ਹੈ। ਇਸ ਤੋਂ ਇਲਾਵਾ ਬਿਲਡਿੰਗ ਸੇਫਟੀ ਸਰਟੀਫਿਕੇਟ ਅਤੇ ਅੱਗ ਬੁਝਾਊ ਯੰਤਰਾ ਦੀ ਮਿਆਦ ਖਤਮ ਹੋਣ ਉਪਰੰਤ ਇਨ੍ਹਾਂ ਦੀ ਪੂਰਤੀ ਕਰਕੇ ਸਮੇਂ-2 ਤੇ ਸਰਟੀਫਿਕੇਟ ਪ੍ਰਾਪਤ ਕਰਕੇ ਭੇਜੇ ਜਾਣ।

12) ਸੁਸਾਇਟੀ/ ਟਰੱਸਟ ਵੱਲੋਂ ਸੰਸਥਾ ਚਲਾਉਣ ਲਈ ਸਰਕਾਰ ਤੋਂ ਕਿਸੇ ਕਿਸਮ ਦੀ ਸਹਾਇਤਾ ਦੀ ਮੰਗ ਨਹੀਂ ਕੀਤੀ ਜਾਵੇਗੀ।

ਜੁਪਿੰਦਰ ਸਿੰਘ
ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ।

[illegible] 2